ਕ ਕਾਂਗਰਸ ਲਈ ਵੋਟਾਂ ਮੰਗੀਆਂ ਸਨ ਅਤੇ
ਭਾਈਚਾਰੇ ਦੇ ਸਮਰਥਨ ਸਦਕਾ ਹੀ ਸੂਬੇ 'ਚ

ਦਿੱਤਾ ਜਾਵੇ, ਨਹੀਂ ਤਾਂ ਸੰਘਰਸ਼ ਤੇਜ਼ ਕੀਤਾ
ਜਾਵੇਗਾ ਅਤੇ ਉਕਤ ਜ਼ਿਮਨੀ ਚੋਣ 'ਚ

# ਤਿਆਰੀ ਜਿੱਤ ਦੀ ਟੈਗਲਾਈਨ ਨਾਲ ਐੱਮ. ਬੀ. ਡੀ. ਨੇ ਕੀਤਾ ਮਾਡਰਨ ਇੰਸਟੀਚਿਊਟ ਦਾ ਆਗਾਜ਼

ਜਲੰਧਰ, 10 ਮਾਰਚ (ਕਮਲੇਸ਼,ਬੀ. ਐੱਨ. 313/3)- ਤਿਆਰੀ ਜਿੱਤ ਦੀ ਟੈਗਲਾਈਨ ਦੇ ਨਾਲ ਐੱਮ. ਬੀ. ਡੀ. ਗਰੁੱਪ ਵਲੋਂ ਅੱਜ ਮਾਡਰਨ ਇੰਸਟੀਚਿਊਟ ਦਾ ਆਗਾਜ਼ ਕੀਤਾ ਗਿਆ। ਇਹ ਸੰਸਥਾਨ ਐੱਮ. ਬੀ. ਡੀ. ਮਾਲ ਦੀ ਦੂਜੀ ਮੰਜ਼ਿਲ 'ਤੇ ਖੋਲ੍ਹਿਆ ਗਿਆ ਹੈ। ਇਸ ਮੌਕੇ ਗਰੁੱਪ ਦੀ ਚੇਅਰਪਰਸਨ ਸਤੀਸ਼ ਬਾਲਾ ਮਲਹੋਤਰਾ, ਮੈਨੇਜਿੰਗ ਡਾਇਰੈਕਟਰ ਮੋਨਿਕਾ ਮਲਹੋਤਰਾ, ਜੁਆਇੰਟ ਡਾਇਰੈਕਟਰ ਸੋਨਿਕਾ ਮਲਹੋਤਰਾ ਵੀ ਮੌਜੂਦ ਰਹੀ। ਇਸ ਮੌਕੇ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਗਰੁੱਪ ਦਾ ਸਫਰ ਬਹੁਤ ਲੰਬਾ ਹੈ ਅਤੇ ਉਨ੍ਹਾਂ ਦੇ ਪਿਤਾ ਸਵ. ਅਸ਼ੋਕ ਮਲਹੋਤਰਾ ਨੇ ਐੱਮ. ਬੀ. ਡੀ. ਦੀਆਂ ਕਿਤਾਬਾਂ ਨਾਲ ਸ਼ੁਰੂਆਤ ਕੀਤੀ ਸੀ ਅਤੇ ਇਸ ਤੋਂ ਬਾਅਦ ਉਨ੍ਹਾਂ ਦਾ ਗਰੁੱਪ ਅੱਜ ਹੋਟਲ ਅਤੇ ਮਾਲ ਇੰਡਸਟਰੀ 'ਚ ਅੱਗੇ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਸਿੱਖਿਆ ਖੇਤਰ 'ਚ 60 ਸਾਲਾਂ ਦਾ ਅਨੁਭਵ ਹੈ। ਹੁਣ ਉਹ ਆਪਣੇ ਨਵੇਂ ਵੈਂਚਰ 'ਚ ਇਸਤੇਮਾਲ ਕਰਨਗੇ।

ਉਨ੍ਹਾਂ ਕਿਹਾ ਕਿ ਨਵੇਂ ਵੈਂਚਰ ਮਾਡਰਨ ਇੰਸਟੀਚਿਊਟ 'ਚ ਆਈ. ਆਈ. ਟੀ., ਏਮਸ, ਨੀਟ ਅਤੇ ਬੋਰਡ ਪ੍ਰੀਖਿਆਵਾਂ ਦੀਆਂ ਤਿਆਰੀਆਂ ਕਰਵਾਈਆਂ ਜਾਣਗੀਆਂ। ਇਨ੍ਹਾਂ ਕੋਰਸਾਂ ਵਿਚ ਫੁੱਲ ਟਾਈਮ ਕੋਰਸ ਅਤੇ ਕ੍ਰੈਸ਼ ਕੋਰਸ ਮੌਜੂਦ ਹਨ। ਭਵਿੱਖ 'ਚ ਉਨ੍ਹਾਂ ਦੇ ਗਰੁੱਪ ਦੀ ਪੂਰੇ ਭਾਰਤ ਵਿਚ ਅਜਿਹੇ ਕੋਚਿੰਗ ਸੰਸਥਾਨ ਖੋਲ੍ਹਣ ਦੀ ਪਲਾਨਿੰਗ ਹੈ।

ਮੋਨਿਕਾ ਨੇ ਕਿਹਾ ਕਿ ਉਨ੍ਹਾਂ ਦਾ ਜਲੰਧਰ ਦੀ ਮਿੱਟੀ ਨਾਲ ਕਾਫੀ ਲਗਾਅ ਹੈ, ਇਹੀ ਕਾਰਨ ਹੈ ਕਿ ਉਹ ਆਪਣੇ ਪਹਿਲੇ ਵੈਂਚਰ ਦੀ ਸ਼ੁਰੂਆਤ ਹਮੇਸ਼ਾ ਜਲੰਧਰ ਤੋਂ ਹੀ ਕਰਦੇ ਹਨ। ਅਜਿਹਾ ਕਰਕੇ ਉਨ੍ਹਾਂ ਨੂੰ ਜਲੰਧਰ ਦੀ ਜ਼ਮੀਨ ਵਲੋਂ ਦਿੱਤੇ ਆਸ਼ੀਰਵਾਦ ਦਾ ਅਹਿਸਾਸ ਹੁੰਦਾ ਹੈ। ਇਸ ਮੌਕੇ ਗਰੁੱਪ ਦੀ ਜੁਆਇੰਟ ਡਾਇਰੈਕਟਰ ਸੋਨਿਕਾ ਮਲਹੋਤਰਾ ਨੇ ਕਿਹਾ ਕਿ ਗਰੁੱਪ ਵਲੋਂ ਖੋਲ੍ਹੇ ਗਏ ਕੋਚਿੰਗ ਸੰਸਥਾਨਾਂ ਵਿਚ ਟੀਚਿੰਗ ਕੁਆਲਿਟੀ ਦਾ ਪੂਰਾ ਧਿਆਨ ਰੱਖਿਆ ਜਾਵੇਗਾ ਅਤੇ ਇਸ ਦੇ ਲਈ ਵਧੀਆ ਸਟਾਫ ਨੂੰ ਲਿਆਂਦਾ ਜਾਵੇਗਾ। ਉਨ੍ਹਾਂ ਦੇ ਗਰੁੱਪ ਦਾ ਮੁੱਖ ਟੀਚਾ ਵਿਦਿਆਰਥੀਆਂ ਨੂੰ ਚੰਗੀ ਸਿੱਖਿਆ ਦੇਣਾ ਹੈ। ਚੰਗੀ ਸਿੱਖਿਆ ਦੇਣ ਲਈ ਮਾਤਾ-ਪਿਤਾ ਦੀ ਜੇਬ 'ਤੇ ਜ਼ਿਆਦਾ ਬੋਝ ਨਹੀਂ ਪਾਇਆ ਜਾਵੇਗਾ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੀ ਜਾਵੇਗੀ।



ਜਗ ਬਾਣੀ Sun, 11 March 2018
jagbani.epapr.in//c/26937313